ਸਰਕਾਰ ਦੀਆਂ ਯੋਜਨਾਵਾਂ ਤੁਹਾਡੀ ਸਰਜਰੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਸ ਗੱਲ ਦੇ ਵਿਸਥਾਰ ਜਾਨਣ ਵਾਸਤੇ ਕਿ ਤੁਸੀਂ NHS (ਕੌਮੀ ਸਿਹਤ ਸੇਵਾ) ਦੀ ਜਨਰਲ ਪ੍ਰੈਕਟਿਸ ਵਾਸਤੇ ਆਪਣਾ ਸਮਰਥਨ ਕਿਵੇਂ ਦਿਖਾ ਸਕਦੇ ਹੋ, ਕਿਰਪਾ ਕਰਕੇ ਇਸ ਕਿਤਾਬਚੇ ਨੂੰ ਪੜ੍ਹੋ।

## NHS ਦੀ ਜਨਰਲ ਪ੍ਰੈਕਟਿਸ ਨੂੰ 60ਵਾਂ ਜਨਮ ਦਿਨ ਮੁਬਾਰਕ ਹੋਵੇ!

### ਤੁਹਾਡੀ ਸਥਾਨਕ ਸਰਜਰੀ ਨੂੰ ਤੁਹਾਡੀ ਲੋੜ ਹੈ - ਕਿਰਪਾ ਕਰਕੇ ਆਪਣਾ ਸਮਰਥਨ ਦਰਸਾਉਣ ਵਾਸਤੇ ਕਾਰਡ 'ਤੇ ਦਸਤਖ਼ਤ ਕਰੋ।

ਇਸ ਸਾਲ NHS ਆਪਣਾ 60ਵਾਂ ਜਨਮ ਦਿਨ ਮਨਾ ਰਹੀ ਹੈ। 60 ਸਾਲਾਂ ਤੋਂ, ਸਥਾਨਕ ਜੀ.ਪੀ. ਸਰਜਰੀਆਂ ਅਜਿਹੀ ਵਿਅਕਤੀਗਤ ਕੀਤੀ ਸੰਭਾਲ ਪ੍ਰਦਾਨ ਕਰਾਉਂਦੀਆਂ ਚਲੀਆਂ ਆ ਰਹੀਆਂ ਹਨ ਜਿਸਦੀ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਘਰ ਦੇ ਨੇੜੇ ਅਤੇ ਅਜਿਹੇ ਲੋਕਾਂ ਦੁਆਰਾ ਪ੍ਰਦਾਨ ਕੀਤੇ ਜਾਣ ਦੀ ਲੋੜ ਹੈ ਜੋ ਤੁਹਾਨੂੰ ਅਤੇ ਤੁਹਾਡੀ ਸਿਹਤ ਨੂੰ ਜਾਣਦੇ ਹੋਣ।

ਪਰ ਸਾਨੂੰ ਬਹੁਤ ਚਿੰਤਾ ਹੋ ਰਹੀ ਹੈ ਕਿ ਜਿਸ ਤਰੀਕੇ ਨਾਲ ਜੀ.ਪੀ. ਸੇਵਾਵਾਂ ਪ੍ਰਦਾਨ ਕਰਾਈਆਂ ਜਾਂਦੀਆਂ ਹਨ, ਉਸ ਵਿੱਚ ਤਬਦੀਲੀ ਕਰਨ ਲਈ ਨਵੀਂ ਸਰਕਾਰ ਦੀਆਂ ਯੋਜਨਾਵਾਂ, ਵਿਸਤਰਿਤ, ਉੱਚ ਗੁਣਵੱਤਾ ਦੀ ਮਰੀਜ਼ ਸੰਭਾਲ ਨੂੰ ਖਤਰੇ ਵਿੱਚ ਪਾ ਦੇਣਗੀਆਂ ਜੋ ਤੁਹਾਡੀ ਸਥਾਨਕ ਸਰਜਰੀ ਮੁਹੱਈਆਂ ਕਰਾਉਂਦੀ ਹੈ।

### ਤੁਹਾਡੀ ਸਰਜਰੀ ਲਈ ਖਤਰਾ

#### ਵਧੇਰੇ ਵਪਾਰਕ ਕੰਪਨੀਆਂ ਦੀ ਸ਼ੁਰੂਆਤ

ਜ਼ਿਆਦਾਤਰ NHS ਜੀ.ਪੀ. ਪ੍ਰੈਕਟਿਸਾਂ ਸੁਤੰਤਰ ਰੂਪ ਵਿੱਚ ਸਥਾਨਕ ਜੀ.ਪੀਜ਼ ਦੁਆਰਾ ਆਪਣੇ ਮਰੀਜ਼ਾਂ ਦੇ ਵਾਸਤੇ ਚਲਾਈਆਂ ਜਾਂਦੀਆਂ ਹਨ। ਪਰ, ਸਰਕਾਰ ਹੁਣ ਵਪਾਰਕ ਕੰਪਨੀਆਂ ਨੂੰ ਜੀ.ਪੀ. ਸਰਜਰੀਆਂ ਚਲਾਉਣ ਲਈ ਉਤਸ਼ਾਹਿਤ ਕਰ ਰਹੀ ਹੈ।

ਇਹ ਕੰਪਨੀਆਂ ਪਹਿਲਾਂ ਆਪਣੇ ਸ਼ੇਅਰ ਧਾਰਕਾਂ (ਹਿੱਸੇਦਾਰਾਂ) ਕੋਲ ਜਵਾਬਦੇਹ ਹਨ ਨਾ ਕਿ ਮਰੀਜ਼ਾਂ ਕੋਲ।

ਵਪਾਰਕ ਕੰਪਨੀਆਂ ਨੂੰ ਥੋੜੀ ਮਿਆਦ ਦੇ ਠੇਕਿਆਂ ਦੀ ਪੇਸ਼ਕਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਇਸਦਾ ਨਤੀਜਾ ਡਾਕਟਰਾਂ ਦੀ ਵਧੇਰੇ ਰੱਦੋ ਬਦਲ ਦੇ ਰੂਪ ਵਿੱਚ ਨਿਕਲ ਸਕਦਾ ਹੈ ਜੋ ਹੋ ਸਕਦਾ ਹੈ ਤੁਹਾਨੂੰ ਅਤੇ ਤੁਹਾਡੀਆਂ ਲੰਬੀ ਮਿਆਦ ਦੀਆਂ ਸਿਹਤ ਲੋੜਾਂ ਨੂੰ ਨਾ ਜਾਣਦੇ ਹੋਣ। ਮਰੀਜ਼ਾਂ ਵਾਸਤੇ ਇਹ ਬੁਰੀ ਗੱਲ ਹੈ।

#### ਬਹੁ-ਕਲਿਨਿਕ

ਸਰਕਾਰ ਸਾਰੇ ਇੰਗਲੈਂਡ ਵਿੱਚ ਸਥਾਨਕ ਸਰਜਰੀਆਂ ਵਿੱਚ ਵਾਧੂ ਸੇਵਾਵਾਂ ਲਈ ਫੰਡ ਪ੍ਰਦਾਨ ਕਰਾਉਣ ਦੀ ਬਜਾਏ 250 ਤੱਕ ਨਵੇਂ ਸਿਹਤ ਕੇਂਦਰਾਂ ਨੂੰ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ – ਜਿੰਨ੍ਹਾਂ ਨੂੰ ਅਕਸਰ ਬਹੁ–ਕਲਿਨਿਕ (Polyclinics) ਕਿਹਾ ਜਾਂਦਾ ਹੈ।

ਬਹੁ–ਕਲਿਨਿਕਾਂ ਨੂੰ ਵਿਕਸਤ ਕਰਨਾ ਅਤੇ ਚਲਾਉਣਾ ਬਹੁਤ ਮਹਿੰਗਾ ਪੈਂਦਾ ਹੈ ਤੇ ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਇਹਨਾਂ ਦੀ ਲੋੜ ਬਹੁਤ ਸਾਰੇ ਖੇਤਰਾਂ ਵਿੱਚ ਹੈ।

ਇਹਨਾਂ ਸਿਹਤ ਕੇਂਦਰਾਂ ਵਿੱਚ 25 ਤੱਕ ਜੀ.ਪੀਜ਼ ਹੋ ਸਕਦੇ ਹਨ, ਅਤੇ ਸਾਨੂੰ ਚਿੰਤਾ ਹੈ ਕਿ ਹੋ ਸਕਦਾ ਹੈ ਕਿ ਮਰੀਜ਼ ਉਹ ਨਿੱਜੀ ਰਿਸ਼ਤਾ ਗੁਆ ਬੈਠਣ ਜੋ ਉਹਨਾਂ ਦਾ ਅਕਸਰ ਆਪਣੇ ਵਰਤਮਾਨ ਪਰਿਵਾਰਕ ਡਾਕਟਰ ਦੇ ਨਾਲ ਹੁੰਦਾ ਹੈ।

ਇਹਨਾਂ ਤਬਦੀਲੀਆਂ ਦੇ ਸਿੱਟੇ ਵਜੋਂ ਸਾਨੂੰ ਚਿੰਤਾ ਹੋ ਰਹੀ ਹੈ ਕਿ ਹੋ ਸਕਦਾ ਹੈ ਬਹੁਤ ਸਾਰੀਆਂ ਸਥਾਨਕ ਸਰਜਰੀਆਂ ਨਾ ਬਚਣ। ਸਾਡਾ ਵਿਸ਼ਵਾਸ ਹੈ ਕਿ NHS ਦੇ ਫੰਡ ਤੁਹਾਡੀ ਆਪਣੀ ਸਥਾਨਕ ਜੀ.ਪੀ. ਸਰਜਰੀ ਵਿਖੇ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਦਾ ਵਿਸਥਾਰ ਕਰਨ ਵਿੱਚ ਵਧੇਰੇ ਬਿਹਤਰ ਤਰੀਕੇ ਨਾਲ ਖਰਚੇ ਜਾਣਗੇ।

**ਸਾਨੂੰ ਏਨੀ ਜ਼ਿਆਦਾ ਚਿੰਤਾ ਕਿਉਂ ਹੋ ਰਹੀ ਹੈ ?**
ਅਸੀਂ ਚਾਹੁੰਦੇ ਹਾਂ ਕਿ ਤੁਹਾਡਾ ਇਲਾਜ਼ ਉਹਨਾਂ ਜੀ.ਪੀਜ਼ ਦੁਆਰਾ ਕੀਤਾ ਜਾਵੇ ਜਿਹੜੇ ਤੁਹਾਨੂੰ ਮਰੀਜ਼ਾਂ ਵਜੋਂ ਦੇਖਣ ਨਾ ਕਿ ਗਾਹਕਾਂ ਵਜੋਂ।

ਅਸੀਂ ਸਰਕਾਰ ਤੋਂ ਇਹ ਚਾਹੁੰਦੇ ਹਾਂ:

- ਵਰਤਮਾਨ ਜੀ.ਪੀ. ਸਰਜਰੀਆਂ ਵਿੱਚ ਹੋਰ ਨਿਵੇਸ਼ ਕਰਕੇ ਮਰੀਜ਼ਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਸੁਧਾਰ ਕਰਨਾ ਅਤੇ ਬੇਲੋੜੇ ਬਹੁ–ਕਲਿਨਿਕਾਂ 'ਤੇ ਪੈਸੇ ਖਰਾਬ ਨਾ ਕਰਨਾ।
- ਵਪਾਰਕ ਕੰਪਨੀਆਂ ਦੁਆਰਾ ਜੀ.ਪੀ. ਸਰਜਰੀਆਂ ਨੂੰ ਚਲਾਏ ਜਾਣ ਦੀਆਂ ਇਸਦੀਆਂ ਯੋਜਨਾਵਾਂ ਨੂੰ ਉਤਸ਼ਾਹਿਤ ਕੀਤੇ ਜਾਣ ਨੂੰ ਰੋਕਣਾ।

**NHS ਜਨਰਲ ਪ੍ਰੈਕਟਿਸ ਦੇ 60ਵੇਂ ਜਨਮ ਦਿਨ ਦੇ ਕਾਰਡ 'ਤੇ ਦਸਤਖ਼ਤ ਕਰਕੇ ਆਪਣੀ ਸਥਾਨਕ ਸਰਜਰੀ ਦਾ ਸਮਰਥਨ ਕਰੋ !**

ਕਿਉਂਕਿ ਅਸੀਂ ਏਨੇ ਜ਼ਿਆਦਾ ਚਿੰਤਤ ਹਾਂ, ਅਸੀਂ ਇੱਕ ਦੇਸ਼ਵਿਆਪੀ ਪਟੀਸ਼ਨ ਵਾਸਤੇ ਦਸਤਖ਼ਤ ਇਕੱਠੇ ਕਰ ਰਹੇ ਹਾਂ ਜੋ ਸਰਕਾਰ ਨੂੰ ਆਪਣੀਆਂ ਯੋਜਨਾਵਾਂ ਬਦਲਣ ਲਈ ਪ੍ਰੇਰਿਤ ਕਰਦੀ ਹੈ।

NHS ਜਨਰਨ ਪ੍ਰੈਕਟਿਸ ਦੇ 60ਵੇਂ ਜਨਮ ਦਿਨ ਦੇ ਕਾਰਡ ਦੇ ਨਾਲ ਅਸੀਂ ਆਪਣੀ ਪਟੀਸ਼ਨ ਜੂਨ ਵਿੱਚ ਪ੍ਰਧਾਨ ਮੰਤਰੀ ਕੋਲ ਪੇਸ਼ ਕਰਾਂਗੇ।

**ਜੇ ਤੁਸੀਂ ਨਹੀਂ ਚਾਹੁੰਦੇ ਕਿ ਇਹ ਤਬਦੀਅਲੀਆਂ ਵਾਪਰਨ - ਤਾਂ ਲੋਕਾਂ ਨੂੰ ਦੱਸੋ !**

ਅਸੀਂ ਕੇਵਲ ਪ੍ਰਧਾਨ ਮੰਤਰੀ ਨੂੰ ਹੀ ਨਹੀਂ ਦੱਸਣਾ ਚਾਹੁੰਦੇ ।

- ਆਪਣੇ ਦੋਸਤਾਂ ਅਤੇ ਪਰਿਵਾਰ ਨੂੰ ਵੀ ਦੱਸੋ ਅਤੇ ਉਹਨਾਂ ਨੂੰ ਵੀ ਸਾਡੀ ਪਟੀਸ਼ਨ 'ਤੇ ਦਸਤਖ਼ਤ ਕਰਨ ਵਾਸਤੇ ਕਹੋ
- ਮੁੱਢਲੀ ਸੰਭਾਲ ਟਰੱਸਟ (PCT) ਨੂੰ ਲਿਖੋ ਜੋ ਤੁਹਾਡੀਆਂ ਸਥਾਨਕ NHS ਸੇਵਾਵਾਂ ਨੂੰ ਸੰਗਿਠਤ ਕਰਦੀ ਹੈ
- ਆਪਣੇ ਮੈਂਬਰ ਆਫ਼ ਪਾਰਲਿਆਮੈਂਟ ਨੂੰ ਲਿਖੋ
- ਆਪਣੀ ਸਥਾਨਕ ਸੰਮਤੀ ਨੂੰ ਲਿਖੋ (ਉਹਨਾਂ ਦੀ ਸਿਹਤ ਸਮੀਖਿਆ ਅਤੇ ਪੜਤਾਲ ਕਮੇਟੀ ਦਾ ਧਿਆਨ ਖਿੱਚਣ ਵਾਸਤੇ)
- ਤੁਸੀਂ ਆਪਣੀ ਸਰਜਰੀ ਦਾ ਕਿੰਨ੍ਹਾਂ ਸਮਰਥਨ ਕਰਦੇ ਹੋ, ਇਹ ਦੱਸਣ ਲਈ ਕਿਸੇ ਅਖ਼ਬਾਰ ਜਾਂ ਆਪਣੇ ਸਥਾਨਕ ਰੇਡੀਓ ਸਟੇਸ਼ਨ ਨੂੰ ਲਿਖੋ

**ਤੁਹਾਡੇ ਪੱਤਰ ਪੜ੍ਹੇ ਜਾਣਗੇ, ਅਤੇ ਤੁਹਾਡੇ ਦ੍ਰਿਸ਼ਟੀਕੋਣ ਫ਼ਰਕ ਪਾ ਸਕਦੇ ਹਨ !**

**ਵਧੇਰੇ ਜਾਣਕਾਰੀ**
ਜੇ ਤੁਹਾਨੂੰ ਇਹਨਾਂ ਗਰੁੱਪਾਂ ਵਾਸਤੇ ਸੰਪਰਕ ਵਿਸਥਾਰ ਚਾਹੀਦੇ ਹਨ ਤਾਂ ਕੇਵਲ ਸੁਆਗਤ ਡੈਸਕ 'ਤੇ ਪੁੱਛੋ ਜਾਂ ਵਿਕਲਪਕ ਤੌਰ 'ਤੇ ਅਗਲੇਰੀ ਜਾਣਕਾਰੀ ਵਾਸਤੇ ਸਾਡੀ ਵੈੱਬਸਾਈਟ www.supportyoursurgery.org.uk ਦੇਖੋ। ਜਾਂ ਫਿਰ ਆਪਣੇ ਡਾਕਟਰ ਨਾਲ ਗੱਲ ਕਰੋ ਜੋ ਤੁਹਾਡੇ ਕਿਸੇ ਵੀ ਸਵਾਲਾਂ ਦਾ ਜਵਾਬ ਦੇਕੇ ਖੁਸ਼ ਹੋਵੇਗਾ।

ਬ੍ਰਿਟਿਸ਼ ਮੀਡੀਆ ਐਸੋਸੀਏਸ਼ਨ (British Medical Association) ਅਤੇ ਜਨਰਲ ਪ੍ਰੈਕਟੀਸ਼ਨਰਜ਼ ਡਿਫੈਂਸ ਫੰਡ (General Practitioners Defence Fund) ਦੁਆਰਾ ਸਮਰਥਨ ਪ੍ਰਾਪਤ